ਨਿੱਜੀ ਧਿਆਨ ਦੇਣ ਯੋਗ

ਮਹੱਤਵਪੂਰਨ ਮਾਮਲਾ/ਸਾਫ-ਸਫਾਈ ਸਬੰਧੀ

ਡਿਸਪੈਚਰ ਪੱਤਰ ਅੱਜ ਹੀ ਜਾਰੀ ਕਰਨ ਜੀ।

ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ

ਸੇਵਾ ਵਿਖੇ,

ਰਾਜ ਦੇ ਸਮੂਹ,
ਜਿਲ੍ਹਾ ਸਿਖਿਆ ਅਫਸਰ (ਐ:ਸਿ:)

ਮੀਮੋ ਨੰਬਰ:-26/21-2018- ਬਪ੍ (2)
ਮਿਤੀ ਐਸ.ਏ.ਐਸ. ਨਗਰ:-29/05/2018

ਵਿਸ਼ਾ:- ਸਿਖਿਆ ਵਿਭਾਗ ਦੇ ਦਫਤਰਾਂ ਨੂੰ ਸਾਫ ਸੁਥਰੇ ਰੱਖਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਐਲੀਮੈਂਟਰੀ ਵਿੰਗ ਅਧੀਨ ਆਉਂਦੇ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਅਤੇ ਬੀ.ਪੀ.ਈ.ਓ. ਦਫਤਰਾਂ ਦੀ ਸਾਫ-ਸਫਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਇਹਨਾਂ ਦਫਤਰ ਵਿਚ ਪੁਰਾਣੇ ਰਿਕਾਰਡ ਦੀ ਕਾਫੀ ਲੰਬੇ ਸਮੇਂ ਝਾੜ ਪੂੰਝ/ ਸਾਫ ਸਫਾਈ ਨਹੀਂ ਕੀਤੀ ਗਈ। ਕਈ ਦਫਤਰਾਂ ਵਿਚ ਪੁਰਾਣਾ ਫਰਨੀਚਰ ਅਤੇ ਹੋਰ ਬੇਲੋੜਾ ਸਮਾਨ ਖਿਲਰਿਆ ਪਿਆ ਹੈ। ਦਫਤਰਾਂ ਵਿਚ ਪੁਰਾਣੀਆਂ ਬੋਤਲਾਂ/ਕੰਡਮ ਫਰਨੀਚਰ ਅਤੇ ਹੋਰ ਕਈ ਕਿਸਮ ਦਾ ਕਚਰਾ ਵੇਖਣ ਵਿਚ ਆਇਆ ਹੈ ਅਤੇ ਛੱਤਾਂ ਤੇ ਘਾਹ ਫੂਸ ਅਤੇ ਜੜ੍ਹੀ ਬੂਟੀਆਂ ਵੀ ਉੱਗੀਆਂ ਹੋਈਆਂ ਹਨ, ਜਿਸ ਕਰਕੇ ਦਫਤਰ ਦੀਆਂ ਬਿਲਡਿੰਗਾਂ ਦਾ ਵੀ ਨੁਕਸਾਨ ਹੋਣ ਦਾ ਖਦਸ਼ਾ ਹੈ।

3. ਉਕਤ ਦੇ ਸਬੰਧ ਆਪ ਨੂੰ ਭਲੀ ਭ੍ਰਾਂਤੀ ਪਤਾ ਹੈ ਕਿ ਸਵੱਛ ਭਾਰਤ ਅਭਿਆਨ ਰਾਸ਼ਟਰ ਪੱਧਰ ਤੇ ਚਲਾਇਆ ਜਾ ਰਿਹਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੇ ਦਫਤਰ ਅਤੇ ਆਪਣੇ ਅਧੀਨ ਆਉਂਦੇ ਬੀ.ਪੀ.ਈ.ਓ. ਦਫਤਰਾਂ ਵਿਚ ਸਫਾਈ ਕਰਨ ਲਈ ਮਿਤੀ 01/09/2018 (ਸ਼ਨੀਵਾਰ) ਨੂੰ ਸਾਰੇ ਅਧਿਕਾਰੀਆਂ/ਕਰਮਚਾਰੀਆਂ ਦੇ ਸਹਿਯੋਗ ਨਾਲ ਹੇਠਾਂ ਦਰਸਾਏ ਅਨੁਸਾਰ ਦਫਤਰਾਂ ਨੂੰ ਸਾਫ ਸੁੱਥਰਾ ਬਣਾਉਣਾ ਯਕੀਨੀ ਬਣਾਇਆ ਜਾਵੇ।

ੳ) ਦਫਤਰਾਂ ਵਿਚ ਪੰਜਵੀਂ ਅਤੇ ਅੱਠਵੀ ਕਲਾਸ ਦੀਆਂ ਪਿਛਲੇ ਸਾਲਾਂ ਦੀਆਂ ਵਰਤੀਆ ਹੋਈਆ ਉੱਤਰ ਪੱਤਰੀਆਂ ਪਈਆਂ ਹਨ, ਜਿੰਨ੍ਹਾਂ ਦੀ ਇਸ ਵੇਲੇ ਲੋੜ ਨਾ ਹੋਵੇ ਦੀ ਨਿਯਮਾਂ ਅਨੁਸਾਰ ਆਕਸ਼ਨ ਕਰਵਾਈ ਜਾਵੇ।

ਅ) ਦਫਤਰਾਂ ਵਿਚ ਪਏ ਪੁਰਾਣੇ ਰਿਕਾਰਡ ਦੀ ਨਿਯਮਾਂ ਅਨੁਸਾਰ ਵੀਡ ਆਊਟ ਕੀਤਾ ਜਾਵੇ।

ੲ) ਪੁਰਾਣੇ ਫਰਨੀਚਰ ਆਦਿ ਨੂੰ ਵੀ ਨਿਯਮਾਂ ਅਨੁਸਾਰ ਆਕਸ਼ਨ ਕਰਵਾਈ ਜਾਵੇ।

ਸ) ਉਕਤ ਕਾਰਵਾਈ ਉਪਰੰਤ ਦਫਤਰੀ ਰਿਕਾਰਡ ਨੂੰ ਖ਼ਾਲੀ ਹੋਈ ਜਗ੍ਹਾ/ਅਲਮਾਰੀਆਂ ਵਿਚ ਸੁਚੱਜੇ ਢੰਗ ਨਾਲ ਰੱਖਿਆ ਜਾਵੇ ਅਤੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸੀਟਾਂ ਵੀ ਸੁਚੱਜੇ ਅਤੇ ਸੋਹਣੇ ਢੰਗ ਨਾਲ ਲਗਾਈਆਂ ਜਾਣ ਤਾਂ ਜੋ ਕਿ ਦੇਖਣ ਵਿਚ ਸੋਹਣਾ ਲੱਗੇ।

ਇਥੇ ਇਹ ਵੀ ਖਾਸ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਜਿੰਨ੍ਹਾਂ ਸਕੂਲਾਂ ਦੇ ਕੰਪਲੈਕਸ ਵਿਚ ਬੀ.ਪੀ.ਈ.ਓ. ਦਫਤਰ ਚੱਲ ਰਹੇ ਹਨ। ਉਹਨਾਂ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੇ ਨਤੀਜਿਆਂ ਦੀ ਜਿੰਮੇਵਾਰੀ ਸਬੰਧਤ ਬੀ.ਪੀ.ਈ.ਓ. ਦੀ ਹੋਵੇਗੀ।

29/8/2018

ਸਹਾਇਕ ਡਾਇਰੈਕਟਰ (ਬਜਟ)
ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)ਪੰਜਾਬ